## ਸ਼ੇਖ ਫ਼ਰੀਦ - ਸਬਦ ੯

## ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥
ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥

**ਸਾਰ:** ਆਪਣੀਆਂ ਅੰਦਰੂਨੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਵਿਚਾਰ ਸਾਡੇ ਕਰਮਾਂ ਨਾਲ ਇਕਸੁਰ ਹੋਣ। ਇਹ ਬਾਹਰੀ ਉਮੀਦਾਂ ਅਤੇ ਦਬਾਅ ਅੱਗੇ ਝੁਕਣ ਦੀ ਬਜਾਏ ਅੰਦਰ ਪਏ ਮੂਲ ਵਿਸ਼ਵਾਸਾਂ  ਨਾਲ ਇਕਰੂਪ ਹੋ ਜੀਵਨ ਵਿਚਲੀਆਂ ਚੋਣਾਂ ਕਰਨ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਆਪਣੇ ਵਿਸ਼ਵਾਸਾਂ ਨੂੰ ਕਲਾਵੇ ਵਿਚ ਲੈਣਾ ਬਗਾਵਤ ਕਰਨਾ ਨਹੀਂ, ਬਲਕਿ ਆਪਣੇ ਆਲੇ ਦੁਆਲੇ ਵੱਸਣ ਵਾਲਿਆਂ ਉਪਰ ਉਸਾਰੂ ਪ੍ਰਭਾਵ ਪਾਉਂਦੇ ਹੋਏ ਆਪਣੇ ਪ੍ਰਤੀ ਸੱਚੇ ਰਹਿਣ ਦਾ ਅਕੀਦਾ ਹੈ।

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥
ਜੇ ਮੈਨੂੰ ਪਤਾ ਹੁੰਦਾ ਕਿ ਮੇਰਾ ਚੋਲਾ ਢਿੱਲਾ ਹੋ ਜਾਵੇਗਾ, ਤਾਂ ਮੈਂ ਇੱਸ ਨੂੰ ਸਖ਼ਤ ਗੰਢ ਮਾਰ ਬੰਨ੍ਹ ਲੈਂਦਾ। ਇਹ ਅੰਦਰੂਨੀ ਕਦਰਾਂ-ਕੀਮਤਾਂ ਨੂੰ ਦ੍ਰਿੜਤਾ ਨਾਲ ਸਡੋਲ ਕਰਨ ਦੇ ਯਤਨ ਨੂੰ ਦਰਸਾਉਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਚਾਰ ਮੂਲ ਸਵੈ ਤੋਂ ਭਟਕ ਨਾ ਜਾਣ।

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥
ਮੈਨੂੰ ਸਰਵ-ਵਿਆਪਕ ਚੇਤਨਾ ਤੋਂ ਮਹਾਨ ਹੋਰ ਕੁਝ ਨਹੀਂ ਲੱਭਿਆ; ਮੈਂ ਪੂਰੇ ਸੰਸਾਰ ਵਿਚ ਇਸ ਦੀ ਭਾਲ ਕਰਦਿਆਂ ਥੱਕ ਗਿਆ ਹਾਂ। ਇਹ ਦਰਸਾਉਂਦਾ ਹੈ ਕਿ ਕਿਸੇ ਦੇ ਅੰਦਰ ਜਨਮ-ਜਾਤ ਤੋਂ ਪਈਆਂ ਮੂਲ ਕਦਰਾਂ-ਕੀਮਤਾਂ ਤੋਂ ਵਧੇਰੇ ਕੁਝ ਵੀ ਮਹੱਤਵਪੂਰਨ ਨਹੀਂ ਹੈ। (੫)

**ਤੱਤ:** ਸ਼ੇਖ ਫ਼ਰੀਦ ਕਹਿੰਦੇ ਹਨ ਕਿ ਸਾਡੀਆਂ ਪੈਦਾਇਸ਼ੀ ਕਦਰਾਂ-ਕੀਮਤਾਂ, ਜੋ ਸਾਡੀ ਪ੍ਰਵਿਰਤੀ ਦਾ ਮਾਰਗਦਰਸ਼ਨ ਕਰਦੀਆਂ ਹਨ, ਸਭ ਤੋਂ ਮਹੱਤਵਪੂਰਨ ਗੁਣ ਹਨ। ਉਹ ਸਾਡੇ ਵਿਲੱਖਣ ਗੁਣਾਂ ਦਾ ਸਨਮਾਨ ਕਰਦਿਆਂ, ਵਿਅਕਤੀਗਤ ਵਿਕਾਸ ਨੂੰ ਪਾਲਦੀਆਂ ਹੋਈਆਂ, ਸਾਡੀ ਰਾਹਨੁਮਾਈ ਸਵੈ-ਅਸਲ ਵੱਲ ਕਰਦੀਆਂ ਹਨ।

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**